# ਮਸੀਹਤ ਅਤੇ ਧਰਮ

ਫ੍ਰੈਂਕਲਿਨ ਦੁਆਰਾ ਅਧਿਐਨ

ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਉ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ **ਤਰਾਂ ਦਿੱਸ ਪੈਂਦੀ ਹੈ**। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ। ਰੋਮੀਆਂ 1:20

- ਸਮੇਂ ਦੀ ਸ਼ੁਰੁਆਤ ਤੋਂ ਜਦੋਂ ਮਨੁੱਖ ਤਾਰਿਆਂ ਅਤੇ ਜੋ ਕੁੱਝ ਧਰਤੀ ਵਿੱਚ ਹੈ ਉੱਤੇ ਨਜ਼ਰ ਕਰਦਾ ਹੈ ਤਾਂ ਅੰਤਰਪ੍ਰੇਰਣਾ ਦੁਆਰਾ ਜਾਣਦਾ ਹੈ ਕਿ ਇੱਕ ਸ੍ਰਿਸ਼ਟੀਕਰਤਾ ਹੈ।

ਉਸ ਨੇ ਹਰੇਕ ਵਸਤ ਆਪੋ ਆਪਣੇ ਸਮੇਂ ਵਿੱਚ ਸੁੰਦਰ ਬਣਾਈ ਹੈ ਅਤੇ ਉਸ ਨੇ **ਸਦੀਪਕਾਲ ਨੂੰ ਵੀ ਓਹਨਾਂ ਦੇ ਮਨ ਵਿੱਚ ਟਿਕਾ ਦਿੱਤਾ ਹੈ**, ਤਾਂ ਵੀ ਇਨਸਾਨ ਉਸ ਕੰਮ ਨੂੰ ਜੋ ਪਰਮੇਸ਼ੁਰ ਆਦ ਤੋਂ ਲੈ ਕੇ ਅੰਤ ਤੋੜੀ ਕਰਦਾ ਹੈ ਬੁੱਝ ਨਹੀਂ ਸੱਕਦਾ। ਉਪਦੇਸ਼ਕ 3:11

- ਹਰ ਇੱਕ ਮਨੁੱਖ ਦੇ ਹਿਰਦੇ ਦੀ ਗਹਿਰਾਈ ਵਿੱਚ ਅਨੰਤ ਜੀਵਨ ਲਈ ਚਾਹਤ ਅਤੇ ਖੋਜ ਹੈ ਅਤੇ ਸ੍ਰਿਸ਼ਟੀਕਰਤਾ ਦੇ ਗਿਆਨ ਲਈ।
- ਸ੍ਰਿਸ਼ਟੀ ਕਰਤਾ ਅਤੇ ਅਨੰਤ ਜੀਵਨ ਦੀ ਖੋਜ ਹੀ ਧਰਮਾਂ ਦੀ ਸ਼ੁਰੂਆਤ ਹੈ।

**ਧਰਮ** ਵਿਸ਼ਵਾਸਾਂ, ਕਦਰਾਂ –ਕੀਮਤਾਂ, ਅਤੇ ਰੀਤਾਂ ਦਾ ਸਮੂਹ ਹੈ ਜੋ **ਮਨੁੱਖ** ਜਾਂ ਮਨੁੱਖਾਂ, ਦੀਆਂ ਸਿੱਖਿਆਵਾਂ ਉੱਤੇ ਅਧਾਰਿਤ ਹਨ, ਜੋ ਕੁੱਝ ਲੋਕਾਂ ਦੁਆਰਾ ਇੱਕ ਆਤਮਿਕ ਆਗੂ ਦੇ ਰੂਪ ਵਿੱਚ ਦੇਖੇ ਜਾਂਦੇ ਹਨ। ਇਸ ਲਈ ਬਹੁਤ ਸਾਰੇ ਧਰਮ ਉੱਭਰੇ ਹਨ ਅਤੇ ਜਿਨ੍ਹਾਂ ਨੂੰ ਇਸ ਤਰ੍ਹਾਂ ਅੱਗੇ ਵਧਾਇਆ ਗਿਆ ਹੈ: ਪਰਮੇਸ਼ੁਰ ਕੌਣ ਹੈ, ਕਿਸ ਤਰ੍ਹਾਂ ਪਰਮੇਸ਼ੁਰ ਦੀ ਪੂਜਾ ਕੀਤੀ ਜਾਣੀ ਚਾਹੀਦੀ ਹੈ ਅਤੇ ਕਿਸੇ ਖਾਸ ਦੇਵਤੇ ਦੀ **ਦਯਾ ਪਾਉਣ ਲਈ** ਸਰਗਰਮ ਭਗਤੀ ਨਾਲ **ਲਾਜ਼ਮੀ ਕਨੂੰਨਾ ਦੀ ਪਾਲਣਾ** ਜ਼ਰੂਰੀ ਹੈ।

ਮਨੁੱਖ ਦੁਆਰਾ **"ਸੱਚ"** ਦੇ ਸਵਾਲ ਨੂੰ ਪੂਰਨ ਤਰੀਕੇ ਨਾਲ ਮਹੱਤਵਪੂਰਣ ਬਣਾਉਂਦੇ ਹੋਏ, ਬਹੁਤਾਇਤ ਨਾਲ ਧਰਮ ਅੱਗੇ ਆਏ ਹਨ।

ਧਿਆਨ ਨਾਲ ਬਾਈਬਲ ਦਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਇਹ ਇੱਕ ਕਿਤਾਬ ਨਹੀਂ ਹੈ ਜੋ ਮਨੁੱਖਾਂ ਦੁਆਰਾ ਲਿਖੀ ਜਾ ਸਕਦੀ ਸੀ ਅਤੇ ਇਸ ਲਈ:

## ❖ ਮਸੀਹਤ ਮਨੁੱਖ ਦੀ ਖੋਜ ਨਹੀਂ ਹੈ।

ਇਸ ਤੇ ਵਿਚਾਰ ਕਰੋ:

ਬਾਈਬਲ ਵਿੱਚ **61 ਕਿਤਾਬਾਂ** ਸ਼ਾਮਲ ਹਨ ਜੋ **40 ਤੋਂ ਵੱਧ ਲੇਖਕਾਂ** ਦੁਆਰਾ ਲਿੱਖੀਆਂ ਗਈਆਂ ਜੋ ਜੀਵਨ ਦੇ ਹਰ ਇੱਕ ਖੇਤਰ ਤੋਂ ਆਉਂਦੇ ਸਨ ਜਿਵੇਂ ਰਾਜੇ, ਕਿਸਾਨਾ, ਦਾਰਸ਼ਨਿਕ, ਮਛੇਰੇ, ਕਵੀ, ਸਿਆਸਤਦਾਨ, ਅਤੇ ਵਿਦਵਾਨ। ਇਹ ਤਿੰਨ ਭਾਸ਼ਾਵਾਂ ਵਿੱਚ ਲਿੱਖੀ ਗਈ ਹੈ: ਇਬਰਾਨੀ, ਅਰਾਮੀ ਅਤੇ ਯੂਨਾਨੀ। ਵਿਸ਼ਾ ਵਸਤੂ ਵਿੱਚ **ਸੈਂਕੜੇ ਵਿਵਾਦਗ੍ਰਸਤ ਵਿਸ਼ੇ** ਹਨ ਜੋ ਉਤਪਤ ਤੋਂ ਪ੍ਰਕਾਸ਼ ਦੀ ਪੋਥੀ ਤੱਕ **ਸਦਭਾਵਨਾ ਅਤੇ ਨਿਰੰਤਰਤਾ** ਨਾਲ ਪਾਏ ਜਾਂਦੇ ਹਨ।

ਇਹ ਇਕਮੁੱਠਤਾ ਜਾਂ ਏਕਤਾ ਦੀ ਕਿਤਾਬ ਹੈ ਅਤੇ ਇਸ ਲਈ ਇੱਕ ਚਮਤਕਾਰ ਹੈ। ਅਜਿਹੇ ਵੱਖੋ-ਵੱਖਰੇ ਪਿਛੋਕੜ ਵਾਲੇ 40+ ਲੇਖਕਾਂ ਲਈ ਬਹੁਤ ਸਾਰੇ ਵਿਸ਼ਿਆਂ 'ਤੇ ਲਗਪਗ 1500 ਸਾਲ ਦੀ ਮਿਆਦ ਦੇ ਦੌਰਾਨ **ਇਕਸਾਰ ਸੁਮੇਲ** ਵਿੱਚ ਲਿਖਣਾ, **ਗਣਿਤ ਵਿਗਿਆਨ ਦੇ ਅਨੁਸਾਰ ਅਸੰਭਵ ਹੈ।**

**ਬਹੁਤ ਸਾਰੀਆਂ ਭਵਿੱਖਬਾਣੀਆਂ** ਵਿੱਚ ਸੈਂਕੜੇ ਸਾਲ ਪਹਿਲਾਂ ਹੀ ਯਿਸੂ ਮਸੀਹ ਦੇ ਜਨਮ, ਸੇਵਕਾਈ, ਮੌਤ ਅਤੇ ਜੀ ਉਠਣ ਦੇ ਸਹੀ ਵੇਰਵੇ ਘੋਸ਼ਿਤ ਕੀਤੇ ਗਏ ਸਨ, ਇਹ ਵੀ ਗਣਿਤ ਵਿਗਿਆਨ ਦੇ ਅਨੁਸਾਰ ਅਸੰਭਵ ਹੈ। ਹੋਰ ਦੂਸਰੇ "ਆਤਮਿਕ ਆਗੂਆਂ" ਦੇ ਜੀਵਨ ਬਾਰੇ ਕਿਸੇ ਨੇ ਵੀ ਵੇਰਵੇ ਦਿੰਦੇ ਹੋਏ, ਪਹਿਲਾਂ ਤੋਂ ਭਵਿੱਖਬਾਣੀਆਂ ਨਹੀਂ ਕੀਤੀਆਂ। (ਵੇਖੋ: www.treasurehisword.com ਭਵਿੱਖਬਾਣੀ ਅਤੇ ਸੰਭਾਵਨਾ)।

ਇੱਕੋ ਇੱਕ ਵਿਆਪਕ ਸਪੱਸ਼ਟੀਕਰਨ ਇਹ ਹੈ: **"ਬਾਈਬਲ ਦੀ ਕੋਈ ਵੀ ਭਵਿੱਖਬਾਣੀ ਮਨੁੱਖ ਦੀ ਮਰਜ਼ੀ ਨਾਲ ਨਹੀਂ ਕੀਤੀ ਗਈ ਸੀ, ਪਰ ਲੋਕ ਪਵਿੱਤਰ ਆਤਮਾ ਦੁਆਰਾ ਪਰਮੇਸ਼ੁਰ ਵੱਲੋਂ ਬੋਲੇ। "** 2 ਪਤਰਸ 1: 20-21

ਇਹ ਮਸੀਹਤ ਨੂੰ ਹੋਰ ਸਾਰੇ ਧਰਮਾਂ ਤੋਂ ਅਲੱਗ ਕਰਦਾ ਹੈ ਜੋ ਮਨੁੱਖ ਤੋਂ ਸ਼ੁਰੂ ਹੁੰਦੇ ਹਨ।

ਬਾਈਬਲ (ਇਕੋ ਸੱਚੇ ਪਰਮੇਸ਼ੁਰ ਤੋਂ ਪ੍ਰੇਰਿਤ ਪ੍ਰਕਾਸ਼ ਹੈ) ਹੀ ਮਨੁੱਖ ਉੱਤੇ ਪਰਗਟ ਹੈ ਕਿ ਇੱਕ **ਸੱਚਾ ਪਰਮੇਸ਼ੁਰ ਕੌਣ ਹੈ ਅਤੇ** ਸਾਰੇ ਮਨੁੱਖਾਂ ਨਾਲ **ਰਿਸ਼ਤਾ ਕਾਇਮ ਕਰਨ ਲਈ ਉਸ ਦੀ ਇੱਛਾ ਨੂੰ ਪਰਗਟ ਕਰਦੀ ਹੈ,** ਜਿਵੇਂ ਉਸ **ਬਲੀਦਾਨ** ਵਿੱਚ ਦੇਖਿਆ ਗਿਆ ਹੈ ਜੋ **ਉਸ** ਨੇ ਇਸ ਨੂੰ ਸੰਭਵ ਬਣਾਉਣ ਲਈ **ਦਿੱਤਾ ਹੈ।**

ਮਨੁੱਖ ਦੇ ਧਰਮਾਂ ਵਿੱਚ **ਆਪਣਾ** ਰਸਤਾ, **ਆਪਣੇ** ਤਰੀਕੇ ਅਤੇ **ਆਪਣੀਆ** ਬਲੀਆਂ ਅਤੇ **ਨਿਯਮ** ਜੋਸ਼ੀਲੀ ਸ਼ਰਧਾ ਨਾਲ **ਪਾਲਣਾ** ਕਰਨ ਲਈ ਨਿਰਧਾਰਿਤ ਕੀਤੇ ਜਾਂਦੇ ਹਨ ਕਿ ਉਹ ਆਪਣੇ ਦੇਵਤੇ ਦੀ ਕਿਰਪਾ ਅਤੇ ਖੁਸ਼ਹਾਲ ਜੀਵਨ ਲਈ ਜ਼ਰੂਰੀ **ਬਖਸ਼ਿਸ਼ ਨੂੰ ਪ੍ਰਾਪਤ ਕਰਨ।**

ਮਸੀਹਤ ਵਿੱਚ ਇਸ ਤਰ੍ਹਾਂ ਨਹੀਂ ਹੈ। ਦਿੱਤੇ ਗਏ ਹੁਕਮ ਅਤੇ ਦਿਸ਼ਾ-ਨਿਰਦੇਸ਼ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨ ਲਈ **ਨਹੀਂ** ਸਗੋਂ **ਸਿਰਜਣਹਾਰ ਦੀਆਂ ਹਦਾਇਤਾਂ** ਹਨ, ਕਿ ਕਿਵੇਂ ਮਨੁੱਖ ਨੂੰ (ਉਸਦੀ ਰਚਨਾ ਨੂੰ) ਇੱਕ ਸ਼ਾਂਤੀਪੂਰਨ ਅਤੇ ਖੁਸ਼ਹਾਲ ਜੀਵਨ ਜੀਣਾ ਚਾਹੀਦਾ ਹੈ।

ਬਾਈਬਲ ਪਰਮੇਸ਼ੁਰ ਦੀ **ਕਿਰਪਾ ਪ੍ਰਾਪਤ ਕਰਨ ਲਈ ਆਦਮੀ ਦੇ ਯਤਨਾਂ** ਨੂੰ "ਕਰਮ" ਕਹਿੰਦੀ ਹੈ ਅਤੇ ਇਸ ਨੂੰ ਵਾਰ-ਵਾਰ ਅਲੱਗ-ਅਲੱਗ ਤਰੀਕੇ ਨਾਲ ਕਿਹਾ ਗਿਆ ਹੈ:

ਤਾਂ ਉਸ ਨੇ ਉਨ੍ਹਾਂ **ਧਰਮ ਦੇ ਕਰਮਾਂ** ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਨਾਉਣ ਦੇ ਵਸੀਲੇ ਨਾਲ **ਸਾਨੂੰ ਬਚਾਇਆ**। ਤੀਤੁਸ 3:5

ਕਿਉਂ ਜੋ ਤੁਸੀਂ **ਕਿਰਪਾ ਤੋਂ** ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ **ਤੁਹਾਡੀ ਵੱਲੋਂ ਨਹੀਂ** ਇਹ ਪਰਮੇਸ਼ੁਰ ਦੀ **ਬਖ਼ਸ਼ੀਸ਼** ਹੈ। ਅਫਸੀਆਂ 2:8

**ਸਾਰੇ ਮਨੁੱਖਾਂ ਵਿੱਚ ਧਰਮ ਸੁਭਾਵਿਕ ਹੈ** ਕਿਉਂਕਿ ਉਨ੍ਹਾਂ ਦਾ ਜ਼ਮੀਰ ਉਨ੍ਹਾਂ ਦੇ ਪਾਪ ਅਤੇ ਉਨ੍ਹਾਂ ਦੇ ਸਿਰਜਣਹਾਰ ਅਤੇ ਇੱਕ ਦੂਜੇ ਨਾਲ ਸਹੀ ਰਿਸ਼ਤੇ ਦੀ ਲੋੜ ਅਤੇ ਇੱਛਾ ਤੋਂ ਜਾਣੂ ਹੈ।

ਇਹ ਮਨੁੱਖ ਦੇ ਪਹਿਲੇ ਪਾਪ ਤੋਂ ਦੇਖਿਆ ਜਾ ਸਕਦਾ ਹੈ- ਆਦਮ ਅਤੇ ਹੱਵਾਹ:

ਤਦ ਦੋਹਾਂ ਦੀਆਂ ਅੱਖੀਆਂ ਖੁਲ੍ਹ ਗਈਆਂ (ਹੁਣ ਉਨ੍ਹਾਂ ਨੇ ਇੱਕ ਦੂਸਰੇ ਅਤੇ ਹਰ ਚੀਜ਼ ਨੂੰ ਅਲੱਗ ਤਰੀਕੇ ਨਾਲ ਦੇਖਿਆ) ਅਤੇ ਉਨ੍ਹਾਂ ਨੇ ਜਾਣ ਲਿਆ ਭਈ ਅਸੀਂ ਨੰਗੇ ਹਾਂ ਸੋ ਉਨ੍ਹਾਂ ਨੇ ਫਗੂੜੀ ਦੇ ਪੱਤੇ **ਸੀਉਂਕੇ** ਆਪਣੇ ਲਈ **ਤਹਿਮਦ** ਬਣਾਏ। ਉਤਪਤ 3:7

- ਇਹ ਮਨੁੱਖ ਦੁਆਰਾ **ਧਰਮ ਦਾ ਪਹਿਲਾ ਕੰਮ** ਸੀ।

- ਮਨੁੱਖ ਸੁਭਾਵਿਕ ਤੌਰ ਤੇ ਧਰਮ ਵੱਲ ਮੁੜਿਆ, ਆਪਣੇ ਆਪ ਨੂੰ **ਆਪਣੇ ਤਰੀਕੇ** ਅਤੇ **ਆਪਣੀ ਕੋਸ਼ਿਸ਼** ਨਾਲ ਲੁਕਾਉਣਾ ਅਤੇ **ਆਪਣੇ ਆਪ ਨੂੰ ਸਹੀ ਕਰਨਾ।**

ਮਨੁੱਖ ਦਾ ਧਰਮ ਪ੍ਰਭੂ ਪਰਮੇਸ਼ੁਰ ਨਾਲ ਰਿਸ਼ਤਾ ਕਾਇਮ ਕਰਨ ਲਈ ਕਾਫੀ ਨਹੀਂ ਹੈ। ਸਿਰਫ਼ ਪ੍ਰਭੂ ਪਰਮੇਸ਼ੁਰ ਹੀ ਜਾਣਦਾ ਹੈ ਕਿ ਕੀ ਜ਼ਰੂਰੀ ਹੈ, ਅਤੇ ਉਹ ਹੀ ਇਸ ਨੂੰ ਪ੍ਰਦਾਨ ਕਰਦਾ ਹੈ ਜਿਵੇਂ ਉਸਨੇ ਆਦਮ ਅਤੇ ਹੱਵਾਹ ਲਈ ਕੀਤਾ ਸੀ, ਉਹ ਸਾਰੀ ਮਨੁੱਖਜਾਤੀ ਲਈ ਕਰਦਾ ਹੈ।

ਤਾਂ **ਪ੍ਰਭੂ ਪਰਮੇਸ਼ੁਰ ਨੇ** ਆਦਮੀ ਤੇ ਉਹਦੀ ਇਸਤਰੀ ਲਈ ਚਮੜੇ ਦੇ **ਚੋਲੇ ਬਣਾਕੇ** ਉਨ੍ਹਾਂ ਨੂੰ ਪਵਾਏ। ਉਤਪਤ 3:21

- ਪ੍ਰਭੂ ਨੇ ਪਿਆਰ ਅਤੇ ਚਿੰਤਾ ਦੇ ਕਾਰਨ ਆਦਮੀ ਦੇ ਧਰਮ ਨੂੰ **ਆਪਣੇ ਪ੍ਰਬੰਧ** ਨਾਲ ਬਦਲ ਦਿੱਤਾ ਅਤੇ ਜੋ ਉਸ ਲਈ ਲੋੜੀਂਦਾ ਸੀ।

ਧਰਮ ਜਲਦੀ ਨਾਲ ਦੁਬਾਰਾ ਆਦਮ ਦੇ ਪੁੱਤਰਾਂ ਵਿੱਚ ਦਾਖਲ ਹੋ ਗਿਆ :

**ਕਇਨ** ਨੇ **ਜੋ ਸੋਚਿਆ** ਕਿ ਪਰਮੇਸ਼ੁਰ ਪਸੰਦ ਕਰੇਗਾ, ਉਸ ਦੇ ਅਨੁਸਾਰ ਬਲੀ ਚੜ੍ਹਾਈ ਅਤੇ ਉਸਨੂੰ ਸਵੀਕਾਰ ਨਹੀਂ ਕੀਤਾ ਗਿਆ। **ਹਾਬਲ** ਨੇ ਉਹ ਭੇਟ ਕੀਤਾ ਜਿਸ ਬਾਰੇ **ਉਸ ਨੂੰ ਪਤਾ ਸੀ** ਕਿ ਪ੍ਰਭੂ ਉਸ ਨੂੰ ਕਬੂਲ ਕਰੇਗਾ ਜਿਵੇਂ ਦੋਹਾਂ ਨੂੰ ਉਨ੍ਹਾਂ ਦੇ ਪਿਤਾ ਆਦਮ ਨੇ ਦੱਸਿਆ ਸੀ। ਕਇਨ ਬਹੁਤ ਗੁੱਸੇ ਹੋ ਗਿਆ ਅਤੇ **ਆਪਣੇ ਭਰਾ ਨੂੰ ਮਾਰ ਦਿੱਤਾ** –ਇਹ ਧਰਮ ਦਾ ਨਤੀਜਾ ਹੈ। ਉਤਪਤ 4

- ਸੰਸਾਰ ਦੇ **ਧਰਮ** ਅਕਸਰ **ਨਕਾਰਦੇ**, **ਨਫ਼ਰਤ** ਕਰਦੇ , ਅਤੇ ਉਨ੍ਹਾਂ ਨੂੰ **ਮਾਰਦੇ** ਵੀ ਹਨ ਜਿਹੜੇ ਉਨ੍ਹਾਂ ਨਾਲ ਸਹਿਮਤ ਨਹੀਂ ਹੁੰਦੇ।

ਇੱਕ ਸੱਚਾ ਸਰਬਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਕਹਿੰਦਾ ਹੈ:

**ਮੈਂ ਬਲੀਦਾਨ ਦੀ ਬਜਾਇ ਵਫ਼ਾਦਾਰੀ ਨਾਲ** ਅਤੇ ਹੋਮ ਬਲੀਆਂ ਨਾਲੋਂ ਪਰਮੇਸ਼ੁਰ ਦੇ ਗਿਆਨ ਵਿੱਚ **ਖੁਸ਼ੀ ਮਹਿਸੂਸ ਕਰਦਾ ਹਾਂ।** ਹੋਸ਼ੇਆ 6: 6

ਪ੍ਰਭੂ ਨੂੰ ਇਹ ਪਸੰਦ ਨਹੀਂ ਹੈ ਕਿ ਕੋਈ ਵਿਅਕਤੀ ਉਸ ਨਾਲ ਰਿਸ਼ਤਾ ਤੋੜੇ ਅਤੇ ਉਸ ਦੀ ਜਗ੍ਹਾ ਧਾਰਮਿਕ ਕੁਰਬਾਨੀ ਰੱਖੇ। ਕੇਵਲ **ਸੱਚਾ ਪਰਮੇਸ਼ੁਰ** ਚਾਹੁੰਦਾ ਹੈ ਕਿ ਉਸ ਨੂੰ **ਜਾਣਿਆ ਜਾਵੇ**, ਉਹ **ਸਚਾਈ** ਅਤੇ ਉਸ ਪ੍ਰਤੀ **ਵਫ਼ਾਦਾਰ** ਰਹਿਣ ਦੀ ਇੱਛਾ ਕਰਦਾ ਹੈ। ਨਾ ਕਿ ਮਨੁੱਖ ਦੁਆਰਾ ਸ਼ੁਰੂ ਕੀਤੇ ਗਏ ਵਿਅਕਤੀਤਵਹੀਣ ਕਿਸੇ ਵੀ ਪ੍ਰਕਾਰ ਦੇ ਬਲੀਦਾਨ।

ਸਾਡੇ ਸਾਰਿਆਂ ਲਈ ਪਿਆਰ ਅਤੇ ਚਿੰਤਾ ਤੋਂ, **ਪ੍ਰਭੂ ਪਰਮੇਸ਼ੁਰ** ਨੇ ਸਾਨੂੰ ਸਿਖਾਉਣ ਲਈ ਅਤੇ ਰਾਹ ਦਿਖਾਉਣ ਲਈ ਆਪਣੇ ਪੁੱਤਰ **ਯਿਸੂ ਮਸੀਹ** ਨੂੰ ਭੇਜਿਆ ਹੈ। ਅਤੇ ਜਿਵੇਂ ਉਸ ਨੇ ਕੀਤਾ, **ਯਿਸੂ** ਦੀ ਲਗਾਤਾਰ **ਧਾਰਮਿਕ ਲੋਕਾਂ** ਨਾਲ ਸਮੱਸਿਆ ਰਹੀ ਅਤੇ ਉਨ੍ਹਾਂ ਨਾਲ ਸਾਹਮਣਾ ਹੋਇਆ:

- ਮੱਤੀ 21:12-13 ਫੇਰ ਯਿਸੂ ਪਰਮੇਸ਼ੁਰ ਦੀ ਹੈਕਲ ਵਿੱਚ ਗਿਆ ਅਤੇ ਉਨ੍ਹਾਂ ਸਭਨਾਂ ਨੂੰ ਜਿਹੜੇ ਹੈਕਲ ਵਿੱਚ ਵੇਚਦੇ ਅਰ ਮੁੱਲ ਲੈਂਦੇ ਸਨ **ਕੱਢ ਦਿੱਤਾ** ਅਤੇ ਅਤੇ **ਸਰਾਫ਼ਾ** ਦੇ ਤਖ਼ਤਪੋਸ਼ ਅਰ ਕਬੂਤਰ ਵੇਚਣ ਵਾਲਿਆਂ ਦੀਆਂ ਚੌਂਕੀਆਂ ਉਲਟਾ ਸੁੱਟੀਆਂ। (13) ਅਤੇ ਉਨ੍ਹਾਂ ਨੂੰ ਕਿਹਾ ਕਿ ਲਿਖਿਆ ਹੈ ਜੋ ਮੇਰਾ ਘਰ ਪ੍ਰਾਰਥਨਾ ਦਾ ਘਰ ਸਦਾਵੇਗਾ ਪਰ ਤੁਸੀਂ ਉਹ ਨੂੰ **ਡਾਕੂਆਂ ਦੀ ਖੋਹ** ਬਣਾਉਂਦੇ ਹੋ।
    - ਇੱਥੇ ਅਤੇ ਸ਼ਾਸਤਰ ਵਿੱਚ ਕਈ ਹੋਰ ਜਗ੍ਹਾ ਤੇ ਧਰਮ ਪ੍ਰਤੀ ਯਿਸੂ ਦੇ ਗੁੱਸਾ ਨੂੰ ਦੇਖਿਆ ਗਿਆ ਹੈ।
    - ਫ਼ਰੀਸੀਆਂ ਨੇ ਉਨ੍ਹਾਂ ਨੂੰ ਦਿੱਤੇ ਗਏ ਦੈਵੀ ਪ੍ਰਕਾਸ਼ ਵਿੱਚੋਂ ਇੱਕ ਧਰਮ ਬਣਾ ਲਿਆ ਸੀ, ਅਤੇ ਇਸ ਤਰ੍ਹਾਂ ਸੱਚ ਅਤੇ ਵਫ਼ਾਦਾਰੀ ਨੂੰ ਰੱਦ ਕਰ ਦਿੱਤਾ ਸੀ।
    - ਸਾਰੇ ਧਰਮ ਉਨ੍ਹਾਂ ਦੇ ਸ੍ਰੋਤ (ਆਦਮੀ) ਦੇ ਕਾਰਨ, ਭ੍ਰਿਸ਼ਟਾਚਾਰ ਦੀ ਵੱਖਰੀ ਮਿਕਦਾਰ ਰੱਖਦੇ ਹਨ। ਇਸ ਨੂੰ ਵਰਤਮਾਨ ਵਿੱਚ ਅਤੇ ਸਦੀਆਂ ਤੋ ਦੇਖਿਆ ਜਾ ਸਕਦਾ ਹੈ, ਇੱਥੋਂ ਤਕ ਕਿ ਬਹੁਤ ਸਾਰੇ ਚਰਚਾਂ ਵਿੱਚ ਵੀ ਹਨ ਜਿੱਥੇ ਧਰਮ ਅੰਦਰ ਘੁੱਸ ਚੁੱਕਾ ਹੈ।
- ਇਬਰਾਨੀਆਂ 10:5-7 ਇਸ ਲਈ ਉਹ ਸੰਸਾਰ ਵਿੱਚ ਆਉਂਦਾ ਹੋਇਆ ਆਖਦਾ ਹੈ,-**ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ**, ਪਰ ਮੇਰੇ ਲਈ ਦੇਹੀ ਤਿਆਰ ਕੀਤੀ। (6) ਹੋਮਬਲੀ ਅਰ ਪਾਪਬਲੀ **ਤੋਂ ਤੂੰ ਪਰਸੰਨ ਨਹੀਂ ਹੁੰਦਾ**, (7) ਤਦ ਮੈਂ ਆਖਿਆ, **ਵੇਖ, ਮੈਂ ਆਇਆ ਹਾਂ, ਹੇ ਪਰਮੇਸ਼ੁਰ**, ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਾਂ, ਜਿਵੇਂ ਪੁਸਤਕ ਦੀ ਪੱਤ੍ਰੀ ਵਿੱਚ ਮੇਰੇ ਵਿਖੇ ਲਿਖਿਆ ਹੋਇਆ ਹੈ।
    - ਯਿਸੂ ਮਸੀਹ ਸਾਰੀ ਮਨੁੱਖਜਾਤੀ ਲਈ ਇੱਕ ਮਿਸਾਲ ਹੈ। "ਉਸ ਦੀ ਇੱਛਾ" ਨੂੰ ਪੂਰਾ ਕਰਨ ਦੀ ਬਜਾਏ ਕਿਸੇ ਹੋਰ ਗੱਲ ਨੂੰ ਕਰਨਾ **ਪੂਜਾ ਕਰਨਾ ਹੈ ਜੋ ਮਨੁੱਖ ਨੂੰ ਚੰਗਾ ਲਗਦਾ ਹੈ** ਅਤੇ **ਇਹ ਧਰਮ ਹੈ**।
- ਯਾਕੂਬ 1:2627 ਜੇ **ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ** ਸਮਝੇ ਅਤੇ ਆਪਣੀ ਜੀਭ ਨੂੰ ਲਗਾਮ ਨਾ ਚਾੜ੍ਹੇ ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਓਸ ਮਨੁੱਖ ਦੀ **ਭਗਤੀ ਅਵਿਰਥੀ ਹੈ**।

- **ਸ਼ਬਦ**, ਜੀਭ, **ਰਿਸ਼ਤੇ ਨੂੰ ਠੇਸ ਪਹੁੰਚਾਉਂਦੇ ਹਨ**, ਜਿਸ ਨੂੰ ਪ੍ਰਭੂ ਧਾਰਮਿਕ ਕਿਰਿਆਵਾਂ ਨਾਲੋਂ ਜ਼ਿਆਦਾ ਮਹੱਤਵਪੂਰਣ ਸਮਝਦਾ ਹੈ।
- ਧਾਰਮਿਕ ਕੰਮ ਜੋ ਰਿਸ਼ਤਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਲੋਕਾਂ ਨੂੰ ਠੇਸ ਪਹੁੰਚਾਉਂਦੇ ਹਨ, ਜਾਂ ਜਿਨ੍ਹਾਂ ਨੂੰ ਸੱਚੇ ਪਰਮੇਸ਼ੁਰ ਨਾਲ ਸੰਬੰਧ ਬਣਾਉਣ ਦੀ ਜਗ੍ਹਾ ਤੇ ਅਤੇ ਪਹਿਲਾਂ ਰੱਖਿਆ ਜਾਂਦਾ ਹੈ, **"ਵਿਅਕਤੀ ਦਾ ਇਹ ਧਰਮ ਬੇਕਾਰ ਹੈ। "**

(27) ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ **ਸ਼ੁੱਧ** ਅਤੇ **ਨਿਰਮਲ ਧਰਮ** ਇਹ ਹੈ ਭਈ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ।

- ਉੱਪਰ ਦਿੱਤੀਆਂ ਗਈਆਂ ਆਇਤਾਂ ਵਿੱਚ "ਧਾਰਮਿਕ" ਅਤੇ "ਧਰਮ" ਸ਼ਬਦ ਦਾ ਮੂਲ ਯੂਨਾਨੀ ਅਰਥ ਹੈ "**ਰਸਮਾਂ ਦੀ ਪਾਲਣਾ ਕਰਨਾ**" ਅਤੇ ਇਹੀ ਧਰਮ ਹੈ।

- **ਪਰ ਫਿਰ ਵੀ** ਆਇਤ ਮਸੀਹਤ ਵਿੱਚ “ਰਸਮਾਂ ਦੀ ਪਾਲਣਾ ਕਰਨਾ” ਦੱਸਦੀ ਹੈ:

  - ✓ ਲੋੜਵੰਦਾਂ ਲੋਕਾਂ ਦੀ ਦੇਖਭਾਲ ਕਰਨੀ ਅਤੇ ਉਨ੍ਹਾਂ ਕੋਲ ਜਾਣਾ
  - ✓ ਆਪਣੇ ਆਪ ਨੂੰ ਨੈਤਿਕ ਤੌਰ ’ਤੇ ਅਤੇ ਸਰੀਰਕ ਤੌਰ ’ਤੇ ਸ਼ੁੱਧ ਰੱਖਣਾ

ਮਸੀਹਤ ਸਭ ਤੋਂ ਪਹਿਲਾ ਅਤੇ ਸਭ ਤੋਂ ਮਹੱਤਵਪੂਰਣ ਰਿਸ਼ਤਾ ਹੈ ਜੋ ਇੱਕ ਸੱਚੇ ਪਰਮੇਸ਼ੁਰ ਦੁਆਰਾ ਸ਼ੁਰੂ ਕੀਤਾ ਗਿਆ ਰਿਸ਼ਤਾ ਹੈ, ਸਭ ਲੋਕਾਂ ਲਈ ਅਤੇ ਸਭ ਲੋਕਾਂ ਉੱਤੇ ਆਪਣੇ ਆਪਨੂੰ ਅਤੇ ਆਪਣੇ ਪਿਆਰ ਨੂੰ ਪਰਗਟ ਕਰਦੇ ਹੋਏ।

- **ਪ੍ਰਾਰਥਨਾ** ਸਧਾਰਨ ਤੌਰ ’ਤੇ ਪ੍ਰਭੂ ਨਾਲ ਗੱਲ ਕਰਨੀ ਅਤੇ ਉਸ ਨੂੰ ਸੁਣਨਾ ਹੈ। ਪਰ ਫਿਰ ਵੀ ਬਹੁਤ ਅਸਾਨੀ ਨਾਲ ਅਤੇ ਆਮ ਤੌਰ ’ਤੇ ਇਹ ਇੱਕ ਧਾਰਮਿਕ ਰਸਮ ਬਣ ਜਾਂਦੀ ਹੈ।

  ਯਿਸੂ ਨੇ ਕਿਹਾ: **ਜਾਂ ਤੁਸੀਂ ਪ੍ਰਾਰਥਨਾ ਕਰੋ** ਤਾਂ **ਕਪਟੀਆਂ** ਵਾਂਙੁ ਨਾ ਹੋ ਕਿਉਂ ਜੋ ਓਹ ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿੱਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ **ਜੋ ਮਨੁੱਖ ਉਨ੍ਹਾਂ ਨੂੰ ਵੇਖਣ**। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ।

  - ਜਨਤਕ ਤੌਰ ਤੇ ਪ੍ਰਾਰਥਨਾਂ ਕਰਨਾ ਅੰਦਰੂਨੀ ਧਰਮ ਦਾ ਪ੍ਰਗਟਾਵਾ ਕਰਨਾ ਦਿਖਾਈ ਦਿੰਦਾ ਹੈ, ਲੰਬੀ ਅਤੇ ਉੱਚੇ ਸੁਰ ਨਾਲ ਧਰਮ ਸ਼ਾਸ਼ਤਰ ਦੇ ਵਾਕਾਂ ਨਾਲ ਪ੍ਰਾਰਥਨਾਂ ਕਰਨਾ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕਰਨਾ ਹੈ, ਇਸ ਦੀ ਬਜਾਏ ਕਿ ਪ੍ਰਭੂ ਨਾਲ ਗੱਲ ਕਰਨਾ ਜਾਂ ਬੇਨਤੀ ਕਰਨਾ। ਹਰ ਇੱਕ ਮਸੀਹੀ ਨੂੰ ਲੋੜ ਹੈ ਕਿ ਉਹ ਜਿਸ ਤਰੀਕੇ ਨਾਲ ਪ੍ਰਾਰਥਨਾਂ ਕਰਦੇ ਹਨ ਉਸ ਤਰੀਕੇ ’ਤੇ ਵਿਚਾਰ ਕਰਨ ਅਤੇ ਉਸ ਦਾ ਵਿਸ਼ਲੇਸ਼ਣ ਕਰਨ।

(6) ਪਰ **ਜਾਂ ਤੂੰ ਪ੍ਰਾਰਥਨਾ ਕਰੇਂ** ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ **ਆਪਣੇ ਪਿਤਾ ਤੋਂ** ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ।

(7) ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ **ਬਕ ਬਕ** ਨਾ ਕਰੋ ਕਿਉਂ ਜੋ ਓਹ ਸਮਝਦੇ ਹਨ ਭਈ ਸਾਡੇ **ਬਹੁਤ ਬੋਲਣ** ਕਰਕੇ ਸਾਡੀ ਸੁਣੀ ਜਾਵੇਗੀ। (8) ਸੋ ਤੁਸੀਂ **ਉਨ੍ਹਾਂ ਵਰਗੇ ਨਾ ਹੋਵੋ** ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ ਕਿਨ੍ਹਾਂ ਵਸਤਾਂ ਦੀ ਲੋੜ ਹੈ। ਮੱਤੀ 6:6-8

- **ਬਪਤਿਸਮਾ** ਪ੍ਰਭੂ ਦੀ ਬਖਸ਼ਿਸ਼ ਨੂੰ ਪ੍ਰਾਪਤ ਕਰਨ ਲਈ ਨਹੀਂ ਹੈ ਪਰ ਇਹ ਇੱਕ ਆਗਿਆਕਾਰੀ ਦਾ ਕੰਮ ਹੈ, ਅਤੇ ਇਹ ਕੰਮ ਉਸ ਵਿਅਕਤੀ ਲਈ ਅਤੇ ਦੂਸਰਿਆਂ ਲਈ ਉਸਦੇ ਸਮਰਪਣ ਅਤੇ ਇੱਕ ਵਿਸ਼ਵਾਸੀ ਵਜੋਂ ਨਵੇਂ ਜੀਵਨ ਦੀ ਤਸਵੀਰ ਹੈ। ਇਸ ਦਾ ਇੱਕ ਅਰਥ ਹੈ ਨਾ ਕਿ ਇਹ ਇੱਕ ਸਿਰਫ਼ ਧਾਰਮਿਕ ਰਸਮ ਹੈ।

- **ਪ੍ਰਭੂ ਭੋਜ** ਇੱਕ "ਰਸਮ" ਦੀ ਮੰਗ ਨਹੀਂ ਕਰਦਾ (ਜਦ ਕਦੇ ਵੀ ਤੁਸੀਂ ਇਸ ਨੂੰ ਕਰੋ ਮੇਰੀ ਯਾਦ ਵਿਚ ਪੀਵੋ 1 ਕੁਰਿੰਥਿਆ 11:25)। ਵਿਅਕਤੀ ਲਈ ਇਹ ਇੱਕ ਕੰਮ ਦੀ ਤਸਵੀਰ ਹੈ ਕਿ ਉਸਨੂੰ ਯਿਸੂ ਦੇ ਬਲੀਦਾਨ ਦੀ ਯਾਦ ਦੁਆਵੇ ਜੋ ਯਿਸੂ ਨੇ ਉਸ ਲਈ ਕੀਤਾ ਹੈ ਅਤੇ ਨਵੇਂ ਨੇਮ ਦੀ ਯਾਦ ਜਿਸ ਵਿੱਚ ਉਹ ਯਿਸੂ ਦੇ ਨਾਲ ਪ੍ਰਵੇਸ਼ ਕਰ ਚੁੱਕਿਆ ਹੈ। ਇਹ ਆਮ ਤੌਰ 'ਤੇ ਹੋ ਸਕਦਾ ਹੈ ਬਲਿਕ ਇੱਕ ਰਸਮ ਬਣ ਜਾਂਦੀ ਹੈ।

- **ਵਰਤ**: ਅਤੇ ਜਾਂ ਤੁਸੀਂ ਵਰਤ ਰੱਖੋ ਤਾਂ **ਕਪਟੀਆਂ** ਵਾਂਙੁ ਮੂੰਹ ਉਦਾਸ ਨਾ ਬਣਾਓ ਕਿਉਂ ਜੋ **ਓਹ ਆਪਣੇ ਮੂੰਹ ਇਸ ਲਈ ਵਿਗਾੜਦੇ ਹਨ ਭਈ ਓਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ**। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਓਹ ਆਪਣਾ ਫਲ ਪਾ ਚੁੱਕੇ। (17) ਪਰ ਜਾਂ ਤੂੰ ਵਰਤ ਰੱਖੇਂ ਤਾਂ ਆਪਣੇ ਸਿਰ ਉੱਤੇ ਤੇਲ ਲਾ ਅਤੇ ਆਪਣਾ ਮੂੰਹ ਧੋ। (18) ਤੂੰ **ਮਨੁੱਖਾਂ ਨੂੰ ਨਹੀਂ** ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ **ਮਲੂਮ ਹੋਵੇਂ** ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ। ਮੱਤੀ 6:16-18

  ਯਾਸਯਾਹ 58: ਵਰਤ ਦੇ ਸਹੀ ਉਦੇਸ਼ ਨੂੰ ਬਹੁਤ ਸ਼ਪਸਟ ਤੌਰ 'ਤੇ ਪੇਸ਼ ਕਰਦਾ ਹੈ :
  (6) ਜਿਹੜਾ ਵਰਤ ਮੈਂ ਚੁਣਿਆ ਕੀ ਏਹ ਨਹੀਂ ਹੈ, ਭਈ ਤੁਸੀਂ ਬਦੀ ਦੇ ਬੰਧਨਾਂ ਨੂੰ ਖੋਲ੍ਹੋ, ਅਤੇ ਜੂਲੇ ਦੇ ਬੰਦਾਂ ਨੂੰ ਤੋੜੋ? **ਦਬੈਲਾਂ ਨੂੰ ਛੁਡਾਓ** ਅਰ ਹਰ ਜੂਲੇ ਨੂੰ ਭੰਨ ਸੁੱਟੋ? (7) ਕੀ ਏਹ ਨਹੀਂ ਭਈ ਤੁਸੀਂ **ਆਪਣੀ ਰੋਟੀ ਭੁੱਖਿਆਂ ਨੂੰ ਵੰਡ ਦਿਓ**, ਅਤੇ **ਬੇ ਘਰੇ ਮਸਕੀਨਾਂ** ਨੂੰ ਆਪਣੇ ਘਰ ਲਿਆਓ? ਜਦ **ਤੁਸੀਂ ਨੰਗੇ ਨੂੰ ਵੇਖੋ ਤਾਂ ਉਸ ਨੂੰ ਕੱਜੋ**, ਅਤੇ ਆਪਣੇ ਸਾਥੀਆਂ ਤੋਂ ਆਪਣਾ ਮੂੰਹ ਨਾ ਲੁਕਾਓ?

  - ਸਭਨਾਂ ਨਾਲ ਚੰਗੇ ਸੰਬੰਧਾਂ ਦੇ ਉਦੇਸ਼ ਲਈ ਵਰਤ ਰੱਖਣਾ, ਲੋੜ ਦੇ ਸਮੇਂ ਦੂਜਿਆਂ ਦੀ ਮਦਦ ਕਰਨ ਲਈ ਆਪਣਾ ਭੋਜਨ ਛੱਡਣ ਲਈ ਤਿਆਰ ਹੋਣਾ।

- **ਸੰਗਤੀ** : ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ . . . (ਇਬਰਾਨੀਆ 10:25 NKJV)। ਆਪਸ ਵਿੱਚੀਂ ਇਕੱਠੇ ਹੋਣ ਦੀ ਬਹੁਤ ਸਿਫਾਰਸ਼ ਕੀਤੀ ਜਾਂਦੀ ਹੈ ਪਰ ਅਸਲ ਜ਼ਰੂਰਤ ਨਹੀਂ ਹੈ। ਅਤੇ ਇਹ ਇੱਕ ਦੂਜੇ ਨਾਲ ਰਿਸ਼ਤੇ ਨੂੰ ਵਧਾਵਾ ਦਿੰਦਾ ਹੈ।

## ਸੱਚੀ ਮਸੀਹਤ ਧਰਮਾਂ ਤੋ ਵੱਖ ਹੈ ਕਿਉਂਕਿ :

1. ਇਹ **ਮਨੁੱਖ ਦੀ ਕਾਢ ਨਹੀਂ ਹੈ**, ਪਰ ਮਨੁੱਖ ਲਈ ਪਰਮੇਸ਼ੁਰ ਦਾ ਪ੍ਰਕਾਸ਼ ਹੈ, ਲੋਕਾਂ ਦੀਆਂ ਕਦਰਾਂ ਕੀਮਤਾਂ, ਅਤੇ ਕਿਸ ਤਰ੍ਹਾਂ ਰਹਿਣਾ ਹੈ, ਅਤੇ ਇੱਕ ਦੂਸਰੇ ਅਤੇ ਪਰਮੇਸ਼ੁਰ ਨਾਲ ਖੁਸਹਾਲੀ ਵਿੱਚ ਵਧਣਾ ਹੈ।
2. ਇੱਕ ਮਸੀਹੀ ਦੀ **ਜੋਸ਼ੀਲੀ ਸ਼ਰਧਾ**, ਪਰਮੇਸ਼ੁਰ ਦੀ ਕਿਰਪਾ ਨੂੰ ਪ੍ਰਾਪਤ ਕਰਨ ਦੇ ਉਦੇਸ਼ ਲਈ ਨਹੀਂ ਹੈ ਪਰ ਉਸ ਲਈ ਜੋ ਕੁਝ ਉਸਨੇ ਉਸਦੇ ਲਈ ਕੀਤਾ ਹੈ ਧੰਨਵਾਦ ਕਰਨ ਅਤੇ ਪ੍ਰਸੰਸਾਂ ਕਰਨ ਲਈ ਹੈ।
3. ਸੱਚੀ ਮਸੀਹਤ ਉਨ੍ਹਾਂ ਲੋਕਾਂ ਨੂੰ **ਨਕਾਰਦੀ** ਜਾਂ ਨਫ਼ਰਤ ਨਹੀਂ ਕਰਦੀ ਜਿਹੜੇ ਉਸ ਨਾਲ ਸਹਿਮਤ ਨਹੀਂ ਹੁੰਦੇ ਹਨ, ਪਰ ਪਿਆਰ, ਦੇਖਭਾਲ ਅਤੇ ਚਿੰਤਾ ਨਾਲ ਉਨ੍ਹਾਂ ਤਕ ਪਹੁੰਚ ਕਰਦੀ ਹੈ।

ਇਸ ਲਈ **ਮਸੀਹਤ** ਇੱਕ ਸੱਚੇ ਪਰਮੇਸ਼ੁਰ - ਯਿਸੂ ਮਸੀਹ ਅਤੇ ਉਸ ਦੀ ਰਚਨਾ ਦੇ ਸਾਰੇ ਲੋਕਾਂ **ਨਾਲ ਰਿਸ਼ਤਾ ਹੈ।**

ਜਦੋਂ ਮਸੀਹਤ ਸ਼ੁਰੂ ਹੋਈ ਤਾਂ ਇਸ ਨੂੰ ਧਰਮ ਨਹੀਂ ਮੰਨਿਆ ਗਿਆ ਸੀ। ਉਨ੍ਹਾਂ ਕੋਲ ਕੋਈ ਮੰਦਰ ਜਾਂ ਪੁਜਾਰੀ ਨਹੀਂ ਸਨ। ਉਹ ਬਸ ਯਿਸੂ ਦੀ ਸਿੱਖਿਆ 'ਤੇ ਵਿਚਾਰ ਕਰਨ, ਸੰਗਤੀ ਕਰਨ ਅਤੇ ਪ੍ਰਾਰਥਨਾ ਕਰਨ ਲਈ ਘਰਾਂ ਵਿੱਚ ਜਾਂ ਕਿਤੇ ਵੀ ਛੋਟੇ ਸਮੂਹਾਂ ਵਿੱਚ ਇਕੱਠੇ ਹੁੰਦੇ ਸਨ।

ਸਦੀਆਂ ਤੋਂ ਆਗੂਆਂ ਨੇ ਮਸੀਹਤ ਤੋਂ ਇੱਕ **ਧਾਰਮਿਕ ਬਿਵਸਥਾ** ਬਣਾਈ, ਇਸ ਨੂੰ ਧਰਮ ਜਾਂ ਉਸਦੇ ਮਿਸ਼ਰਣ ਵਿੱਚ ਬਦਲ ਦਿੱਤਾ।

- ਕੈਥੋਲਿਕਵਾਦ ਸੰਸਥਾਂਵਾਂ ਸਮੇਤ, ਮਸੀਹਤ ਅਤੇ ਧਰਮ ਦੇ **ਮਿਸ਼ਰਣ** ਦੀ ਉਦਾਹਰਣ ਹਨ।
- ਕਰੂਸੇਡਸ ਕਿਸੇ ਮਿਸ਼ਰਣ ਦੀ ਉਦਾਹਰਣ ਨਹੀਂ ਹੈ ਪਰ ਧਰਮ ਦੇ ਸਭ ਤੋਂ ਬੁਰੇ ਰੂਪ ਦੀ ਉਦਾਹਰਣ ਹਨ, ਜੋ ਗਲਤ ਵਿਵਹਾਰਕ ਉਤਸ਼ਾਹ ਅਤੇ ਨਫ਼ਰਤ ਦਾ ਪ੍ਰਗਟਾਵਾ ਕਰਦੇ ਹਨ।

ਮੱਤੀ 16:6 ਤਦ ਯਿਸੂ ਨੇ ਉਨ੍ਹਾਂ ਨੂੰ ਆਖਿਆ, ਖ਼ਬਰਦਾਰ, ਫ਼ਰੀਸੀਆਂ ਅਤੇ ਸਦੂਕੀਆਂ ਦੇ ਖ਼ਮੀਰ ਤੋਂ ਹੁਸ਼ਿਆਰ ਰਹੋ।

- ਫ਼ਰੀਸੀਆਂ ਦਾ ਖਮੀਰ ਉਨ੍ਹਾਂ ਦੀ ਆਪਣੇ ਧਰਮ ਪ੍ਰਤੀ ਅਣਖ ਸੀ ਅਤੇ ਬਾਕੀ ਦੀਆਂ ਗੱਲਾਂ ਲਈ ਉਨ੍ਹਾਂ ਦੇ ਮਨ ਬੰਦ ਸਨ। ਇਸ ਲਈ ਉਨ੍ਹਾਂ ਦਾ ਪ੍ਰਭੂ ਪਰਮੇਸ਼ੁਰ ਨਾਲ ਕੋਈ ਰਿਸ਼ਤਾ ਨਹੀਂ ਸੀ ਅਤੇ ਉਹ ਉਨ੍ਹਾਂ ਲੋਕਾਂ ਨੂੰ ਤੁੱਛ ਸਮਝਦੇ ਸਨ ਜਿਹੜੇ ਉਨ੍ਹਾਂ ਦੇ ਰਾਹਾਂ ਤੇ ਨਹੀਂ ਚੱਲਦੇ ਸਨ।

ਲੂਕਾ 12:1 ਏਨੇ ਨੂੰ ਜਾਂ ਹਜ਼ਾਰਾਂ ਲੋਕ ਇਕੱਠੇ ਹੋਏ ਐਥੋਂ ਤੋੜੀ ਜੋ ਇੱਕ ਦੂਏ ਉੱਤੇ ਡਿੱਗਿਆ ਪੈਂਦਾ ਸੀ ਤਾਂ ਉਹ ਪਹਿਲਾਂ ਆਪਣੇ ਚੇਲਿਆਂ ਨੂੰ ਕਹਿਣ ਲੱਗਾ ਕਿ ਫ਼ਰੀਸੀਆਂ ਦੇ ਖ਼ਮੀਰ ਤੋ ਜੋ **ਕਪਟ** ਹੈ ਹੁਸ਼ਿਆਰ ਰਹੋ।

- ਇਸ ਸੰਦਰਭ ਵਿੱਚ **ਕਪਟ** ਦਾ ਮਤਲਬ ਹੈ – ਆਪਣੇ "ਚੰਗੇ ਕਰਮਾਂ" ਜਾਂ ਰਸਮਾਂ ਨੂੰ ਪੂਰਾ ਕਰਨ ਦੇ ਕਾਰਨ ਆਪਣੇ ਆਪ ਦੀ ਪਵਿੱਤਰ, ਧਰਮੀ ਅਤੇ ਚੰਗੇ ਹੋਣ ਦੀ ਘੋਸ਼ਣਾ ਕਰਨਾ।

- **ਕਪਟ** ਧਰਮ ਨਾਲ ਸੰਬੰਧ ਰੱਖਦਾ ਹੈ ਅਤੇ ਅੰਨ੍ਹੇਪਣ ਦੀ ਇੱਕ ਸੰਖੇਪ ਮਿਕਦਾਰ ਪ੍ਰਦਾਨ ਕਰਦਾ ਹੈ

ਲੂਕਾ 18:9-14 ਉਸ ਨੇ ਕਈਆਂ ਨੂੰ ਜਿਹੜੇ **ਆਪਣੇ ਉੱਤੇ ਭਰੋਸਾ ਰੱਖਦੇ ਸਨ ਭਈ ਅਸੀਂ ਧਰਮੀ ਹਾਂ** ਅਤੇ **ਹੋਰਨਾਂ ਨੂੰ ਤੁੱਛ ਜਾਣਦੇ ਸਨ** (ਧਰਮ ਦਾ ਨਤੀਜਾ) ਇਹ ਦ੍ਰਿਸ਼ਟਾਂਤ ਵੀ ਦਿੱਤਾ। (10) ਕਿ ਦੋ ਮਨੁੱਖ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਗਏ, ਇੱਕ ਫ਼ਰੀਸੀ ਅਤੇ ਦੂਆ ਮਸੂਲੀਆ। (11) **ਫ਼ਰੀਸੀ** ਨੇ ਖਲੋ ਕੇ **ਆਪਣੇ ਜੀ ਵਿੱਚ ਇਉਂ ਪ੍ਰਾਰਥਨਾ ਕੀਤੀ** ਕਿ ਹੇ ਪਰਮੇਸ਼ੁਰ! ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ **ਮੈਂ ਹੋਰਨਾਂ ਵਾਂਙੁ ਨਹੀਂ ਹਾਂ** ਜੋ ਲੁਟੇਰੇ, ਕੁਧਰਮੀ ਅਤੇ ਜ਼ਨਾਹਕਾਰ ਹਨ ਅਤੇ ਨਾ ਇਸ ਮਸੂਲੀਏ ਵਰਗਾ ਹਾਂ! (12) ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ ਅਤੇ ਆਪਣੀ ਸਾਰੀ ਕਮਾਈ ਵਿੱਚੋਂ ਦਸੌਂਧ ਦਿੰਦਾ ਹਾਂ।

  - ਵਰਤ ਅਤੇ ਦਾਨ ਦਸਵੰਧ ਇੱਕ ਧਾਰਮਿਕ ਰਸਮ ਬਣ ਸਕਦਾ ਹੈ ਜੇ ਇਹ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ, ਜਾਂ ਉਸਨੇ ਸਾਡੇ ਲਈ ਜੋ ਕੁਝ ਕੀਤਾ ਹੈ ਉਸ ਲਈ ਸ਼ੁਕਰਗੁਜ਼ਾਰੀ ਦੇ ਪ੍ਰਗਟਾਵਾ ਦੀ ਬਜਾਏ ਮਨੁੱਖਾਂ ਦੇ ਨਾਲ ਇੱਕ ਪਦ ਸਥਾਪਤ ਕਰਨ ਲਈ ਕੀਤਾ ਜਾਂਦਾ ਹੈ। ਇਹ ਮਹੱਤਵਪੂਰਣ ਹਨ ਅਤੇ ਕੀਤੇ ਜਾਣੇ ਚਾਹੀਦੇ ਹਨ, ਪਰ ਸਹੀ ਉਦੇਸ਼ ਲਈ। .

(13) ਪਰ ਉਸ **ਮਸੂਲੀਏ** (ਉਹ ਮਨੁੱਖ ਜਿਸ ਨੂੰ ਕੋਈ ਪਸੰਦ ਨਹੀਂ ਕਰਦਾ ਸੀ) ਨੇ ਕੁਝ ਫ਼ਰਕ ਨਾਲ ਖੜੋ ਕੇ ਐੱਨਾ ਵੀ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਏਹ ਕਹਿੰਦਾ ਸੀ ਕਿ **ਹੇ ਪਰਮੇਸ਼ੁਰ ਮੇਰੇ ਪਾਪੀ ਉੱਤੇ ਦਯਾ ਕਰ**! (ਇਹ ਕੋਈ ਧਰਮੀ ਮਨੁੱਖ ਨਹੀਂ ਸੀ) (14) ਮੈਂ ਤੁਹਾਨੂੰ ਆਖਦਾ ਹਾਂ ਜੋ ਉਹ ਨਹੀਂ ਪਰ ਇਹ ਧਰਮੀ ਠਹਿਰ ਕੇ ਆਪਣੇ ਘਰ ਗਿਆ ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ (ਧਰਮ ਇਹੀ ਕਰਦਾ ਹੈ) ਸੋ ਨੀਵਾਂ ਕੀਤਾ ਜਾਵੇਗਾ ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ।

- ਫ਼ਰੀਸੀ, ਧਰਮ ਦੁਆਰਾ ਅੰਨ੍ਹਾ ਸੀ ਅਤੇ "ਚੰਗੇ ਕੰਮ" ਕਰਦਾ ਸੀ, ਉਸਨੇ ਆਪਣੇ ਆਪ ਨੂੰ ਧਰਮੀ ਵੇਖਿਆ (ਜਿਵੇਂ ਅੱਜ ਦੇ ਕਈ ਧਾਰਮਿਕ ਲੋਕ ਕਰਦੇ ਹਨ)।

- ਟੈਕਸ ਇਕੱਠਾ ਕਰਨ ਵਾਲੇ ਦਾ ਕੋਈ ਧਰਮ ਨਹੀਂ ਸੀ ਅਤੇ ਸਪਸ਼ਟ ਤੌਰ 'ਤੇ ਦੇਖਦਾ ਸੀ ਕਿ ਉਹ ਕੌਣ ਸੀ, ਉਹ ਇੱਕ ਪਾਪੀ ਸੀ। ਅਤੇ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਸੰਸਾਰ ਵਿੱਚ ਆਇਆ ਸੀ 1 ਤਿਮੋਥਿਉਸ 1:15

ਬਾਈਬਲ ਸਪੱਸ਼ਟ ਤੌਰ 'ਤੇ ਸਿਖਾਉਂਦੀ ਹੈ ਕਿ ਮਸੀਹਤ ਸਾਰਿਆਂ ਲੋਕਾਂ ਲਈ ਪਿਆਰ ਅਤੇ ਤਰਸ ਦੇ ਨਾਲ ਇੱਕ ਰਿਸ਼ਤਾ ਹੈ ਜਿਵੇਂ ਕਿ ਮਹਾਨ ਆਗਿਆ ਦੇਖਿਆ ਜਾਂਦਾ ਹੈ:

ਮੱਤੀ 22:35-40 ਅਤੇ ਉਨ੍ਹਾਂ ਵਿੱਚੋਂ ਇੱਕ ਨੇ ਜਿਹੜਾ ਸ਼ਰਾ ਦਾ ਸਿਖਲਾਉਣ ਵਾਲਾ ਸੀ ਉਹ ਦੇ ਪਰਤਾਉਣ ਲਈ ਸਵਾਲ ਕੀਤਾ। (36) ਜੋ ਗੁਰੂ ਜੀ ਤੁਰੇਤ ਵਿੱਚ ਵੱਡਾ ਹੁਕਮ ਕਿਹੜਾ ਹੈ? (37) ਅਤੇ ਉਹ ਨੇ ਉਸ ਨੂੰ ਕਿਹਾ, **ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ** ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ **ਪਿਆਰ ਕਰ**। (38) ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। (39) ਅਤੇ ਦੂਆ ਇਹ ਦੇ ਵਾਂਙੁ ਹੈ ਕਿ ਤੂੰ ਆਪਣੇ **ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ**।

ਮਸੀਹਤ ਉਹ ਹੈ ਜਿਸ ਵਿੱਚ ਪ੍ਰਭੂ ਪਰਮੇਸ਼ੁਰ ਆਦਮੀ ਨਾਲ ਰਿਸ਼ਤਾ ਬਣਾਉਂਦਾ ਹੈ ਅਤੇ ਮਨੁੱਖ ਨੂੰ ਆਪਣੇ ਨਾਲ ਸਹੀ ਰਿਸ਼ਤੇ ਵਿੱਚ ਲਿਆਉਣ ਜਾਂ ਸੁਲਾਹ ਕਰਨ ਲਈ ਇੱਕ ਬਹੁਤ ਵੱਡੀ ਕੀਮਤ ਅਦਾ ਕਰਦਾ ਹੈ।

2 ਕੁਰਿੰਥਿਆ 5:18-21 ਪਰ ਸਾਰੀਆਂ ਗੱਲਾਂ **ਪਰਮੇਸ਼ੁਰ** ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ **ਆਪਣੇ ਨਾਲ ਮਿਲਾ ਲਿਆ** ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। (19) ਅਰਥਾਤ ਪਰਮੇਸ਼ੁਰ **ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ** ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ। (20) ਅਸੀਂ ਮਸੀਹ ਦੇ ਰਾਜਦੂਤ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ **ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ**। (21) ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ

- ਸੁਲਾਹ ਦਾ ਮਤਲਬ – **ਸਹੀ ਰਿਸ਼ਤੇ ਵਿੱਚ ਸੁਰਜੀਤ ਹੋ ਜਾਣਾ।**

ਮੱਤੀ 5:43-46 ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ। (44) ਪਰ **ਮੈਂ ਤੁਹਾਨੂੰ ਆਖਦਾ ਹਾਂ** ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ **ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ।** (45) ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ **ਪੁੱਤਰ** (ਪਰਪੱਕ) ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ।

- ਪ੍ਰਭੂ ਪਰਮੇਸ਼ੁਰ ਅਤੇ ਸੱਚੀ ਮਸੀਹਤ ਕਿਸੇ ਨਾਲ ਨਫ਼ਰਤ ਜਾਂ ਦੁਸ਼ਮਣੀ ਨਹੀਂ ਕਰਦੇ, ਚਾਹੇ ਉਹ ਚੰਗੇ ਜਾਂ ਬੁਰੇ, ਧਰਮੀ ਜਾਂ ਕੁਧਰਮੀ ਹਨ।

## ਯਿਸੂ ਦੀ ਧਰਮ ਨਾਲ ਲਗਾਤਾਰ ਸਮੱਸਿਆ ਸੀ:

ਲੂਕਾ 7:30 ਪਰ **ਫ਼ਰੀਸੀਆਂ ਅਤੇ ਸ਼ਰ੍ਹਾ ਦੇ ਸਿਖਲਾਉਣ ਵਾਲਿਆਂ ਨੇ** ਉਸ ਕੋਲੋਂ ਬਪਤਿਸਮਾ ਨਾ ਲੈ ਕੇ ਆਪਣੇ ਲਈ **ਪਰਮੇਸ਼ੁਰ ਦੀ ਜੁਗਤ ਨੂੰ ਟਾਲ ਦਿੱਤਾ।**

- ਯੂਹੰਨਾ ਦਾ ਬਪਤਿਸਮਾ ਇੱਕ ਇਕਰਾਰ ਸੀ ਕਿ ਉਹ ਪਾਪੀ ਹਨ।
- ਉਨ੍ਹਾਂ ਦੇ ਧਰਮ ਨੇ ਉਨ੍ਹਾਂ ਦੀਆਂ ਅੱਖਾਂ ਨੂੰ ਸੱਚਿਆਈ ਲਈ ਅੰਨ੍ਹਾਂ ਕੀਤਾ ਹੋਇਆ ਸੀ। ਇਹ ਅੱਜ ਵੀ ਇਵੇਂ ਹੀ ਕਰਦਾ ਹੈ।

ਲੂਕਾ 7: 36 ਫੇਰ **ਫ਼ਰੀਸੀਆਂ** ਵਿੱਚੋਂ ਇੱਕ ਨੇ ਉਹ ਦੇ ਅੱਗੇ ਅਰਜ਼ ਕੀਤੀ ਜੋ ਮੇਰੇ ਨਾਲ ਰੋਟੀ ਖਾਹ। ਤਾਂ ਉਹ ਫ਼ਰੀਸੀ ਦੇ ਘਰ ਜਾ ਕੇ ਖਾਣ ਬੈਠਾ। (37) ਅਤੇ ਵੇਖੋ ਉਸ ਨਗਰ ਵਿੱਚ **ਇੱਕ ਇਸਤਰੀ** ਹੈਸੀ ਜਿਹੜੀ **ਪਾਪਣ ਸੀ** ਅਤੇ ਉਹ ਇਹ ਜਾਣ ਕੇ ਭਈ ਉਹ ਫ਼ਰੀਸੀ ਦੇ ਘਰ ਖਾਣ ਬੈਠਾ ਹੈ ਇੱਕ ਸ਼ੀਸ਼ੀ ਵਿੱਚ ਅਤਰ ਲਿਆਈ . . . (39) ਅਰ ਇਹ ਵੇਖ ਕੇ ਉਹ ਫ਼ਰੀਸੀ ਜਿਹ ਨੇ ਉਹ ਨੂੰ ਨੇਉਤਾ ਦਿੱਤਾ ਸੀ ਆਪਣੇ ਜੀ ਵਿੱਚ ਕਹਿਣ ਲੱਗਾ ਭਈ ਇਹ ਮਨੁੱਖ ਜੇ ਨਬੀ ਹੁੰਦਾ ਤਾਂ ਜਾਣ ਲੈਂਦਾ ਕਿ ਇਹ ਇਸਤਰੀ ਜੋ ਉਹ ਨੂੰ ਛੋਹੰਦੀ ਹੈ ਕੌਣ ਅਤੇ ਕਿਹੋ ਜਿਹੀ ਹੈ ਕਿਉਂ ਜੋ ਉਹ **ਪਾਪਣ ਹੈ**। (40) ਯਿਸੂ ਨੇ ਅੱਗੋਂ ਉਹ ਨੂੰ ਕਿਹਾ, ਸ਼ਮਊਨ ਮੈਂ ਤੈਨੂੰ ਕੁਝ ਆਖਣਾ ਹੈ। ਤਾਂ ਉਹ ਬੋਲਿਆ, ਗੁਰੂ ਜੀ ਫ਼ਰਮਾਓ। . . . (42) ਜਾਂ ਉਨ੍ਹਾਂ ਦੇ ਕੋਲ ਦੇਣ ਨੂੰ ਕੁਝ ਨਾ ਸੀ ਤਾਂ ਉਹ ਨੇ ਦੋਹਾਂ ਨੂੰ ਬਖ਼ਸ਼ ਦਿੱਤਾ ਸੋ ਉਨ੍ਹਾਂ ਵਿੱਚੋਂ ਉਸ ਨਾਲ ਕਿਹੜਾ ਵਧੀਕ ਪਿਆਰ ਕਰੇਗਾ ? . . . (47) ਇਸ ਕਾਰਨ ਮੈਂ ਤੈਨੂੰ ਆਖਦਾ ਹਾਂ ਕਿ **ਇਹ ਦੇ ਪਾਪ** ਜੋ ਬਹੁਤੇ ਹਨ ਸੋ **ਮਾਫ਼ ਕੀਤੇ ਗਏ** ਕਿਉਂਕਿ ਇਸ ਨੇ ਪਿਆਰ ਬਹੁਤ ਕੀਤਾ, ਪਰ ਜਿਹ ਨੂੰ ਥੋੜਾ ਮਾਫ਼ ਕੀਤਾ ਗਿਆ ਸੋ ਥੋੜਾ ਪਿਆਰ ਕਰਦਾ ਹੈ। . . . (49) ਅਤੇ ਜਿਹੜੇ ਉਹ ਦੇ ਨਾਲ ਖਾਣ ਨੂੰ ਬੈਠੇ ਸਨ ਆਪਣੇ ਮਨ ਵਿੱਚ ਕਹਿਣ ਲੱਗੇ **ਭਈ ਇਹ ਕੌਣ ਹੈ ਜੋ ਪਾਪ ਭੀ ਮਾਫ਼ ਕਰਦਾ ਹੈ?** (50) ਅਤੇ ਉਸ ਨੇ ਉਸ ਇਸਤਰੀ ਨੂੰ ਆਖਿਆ, ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ, ਸ਼ਾਂਤੀ ਨਾਲ ਚੱਲੀ ਜਾਹ।

- ਦੁਬਾਰਾ ਫੇਰ ਤੁਲਨਾ ਕੀਤੀ ਗਈ ਹੈ:
  - ਇੱਕ ਧਾਰਮਿਕ ਆਦਮੀ, ਜੋ ਆਪਣੇ-ਆਪ ਨੂੰ ਦੂਜਿਆਂ ਨਾਲੋਂ ਬਿਹਤਰ ਸਮਝਦਾ ਸੀ
    -ਅਤੇ –
  - ਇੱਕ ਗੈਰ-ਧਾਰਮਿਕ ਵਿਅਕਤੀ ਜੋ ਆਪਣੇ ਆਪ ਬਾਰੇ ਸੱਚ ਜਾਣਦਾ ਸੀ - ਕਿ ਉਹ ਇੱਕ ਪਾਪੀ ਹੈ ਜਿਸ ਨੂੰ ਉਸ ਕੋਲੋਂ ਮਾਫੀ ਦੀ ਜ਼ਰੂਰਤ ਹੈ ਜੋ ਉਸਦੇ ਪਾਪ ਨੂੰ ਮਾਫ਼ ਕਰ ਸਕਦਾ ਹੈ। ਨਤੀਜੇ ਵਜੋਂ: "ਤੇਰੇ ਪਾਪ ਮਾਫ਼ ਹੋਏ। "
  - ਇਹ ਦਰਸਾਉਂਦਾ ਹੈ ਕਿ ਧਰਮ ਕਿੱਡਾ ਵੱਡਾ ਠੋਕਰ ਦਾ ਪੱਥਰ ਹੈ।
  - ਇਹ ਇਹ ਵੀ ਦਰਸਾਉਂਦਾ ਹੈ ਕਿ ਸੱਚੀ ਅਤੇ ਆਸਧਾਰਨ ਉਪਾਸਨਾ ਜੋ ਗੈਰ-ਧਾਰਮਿਕ ਵਿਅਕਤੀ ਦੇ ਸ਼ੁਕਰਗੁਜ਼ਾਰ ਦਿਲ ਤੋਂ ਆਉਂਦੀ ਹੈ ਜਦੋਂ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਯਿਸੂ ਮਸੀਹ ਕੌਣ ਹੈ ਅਤੇ ਉਸਨੇ ਉਨ੍ਹਾਂ ਲਈ ਕੀ ਕੀਤਾ ਹੈ।

ਲੂਕਾ 11: 37-54 ਪਰ ਤੁਸਾਂ ਫ਼ਰੀਸੀਆਂ ਉੱਤੇ ਹਾਇ ਹਾਇ! ਕਿਉਂ ਜੋ ਤੁਸੀਂ ਪੂਦਨੇ ਅਤੇ ਹਰਮਲ ਅਤੇ ਹਰੇਕ ਸਾਗ ਦਾ **ਦਸੌਂਧ ਦਿੰਦੇ ਹੋ ਅਤੇ ਨਿਆਉਂ ਤੇ ਪਰਮੇਸ਼ੁਰ ਦੀ ਪ੍ਰੀਤ ਨੂੰ ਉਲੰਘਦੇ** ਹੋ।

- ਧਾਰਮਿਕ ਕੁਰਬਾਨੀਆਂ, ਭਾਵੇਂ ਇਹ ਇੱਕ ਚੰਗੀ ਗੱਲ ਕਰ ਰਿਹਾ ਹੋਵੇ, ਪਰ ਗਲਤ ਉਦੇਸ਼ ਦੇ ਕਾਰਨ, ਇੱਕ ਵਿਅਕਤੀ ਨੂੰ ਉਸ ਦੀਆਂ ਨੂੰ ਸੱਚੀਆਂ ਕਦਰਾਂ ਕੀਮਤਾ ਅਤੇ - ਪ੍ਰਭੂ ਲਈ ਪਿਆਰ ਅਤੇ ਲੋਕਾਂ ਲਈ ਪਿਆਰ ਲਈ ਅੰਨ੍ਹਾ ਕਰ ਦੇਂਦਾ ਹੈ। ਪ੍ਰੇਮ ਦੀ ਮਿਕਦਾਰ ਦੇਣ ਦੀ ਇੱਛਾ ਦੀ ਮਿਕਦਾਰ ਵਿੱਚ ਦਿਖਾਈ ਦਿੰਦੀ ਹੈ। ਯੂਹੰਨਾ 3:16 'ਤੇ ਵਿਚਾਰ ਕਰੋ।

- ਅੱਜ ਬਹੁਤ ਸਾਰੇ ਲੋਕ ਉਹੀ ਫਰੀਸੀਆਂ ਦੇ ਧਰਮ ਅਤੇ ਧਾਰਮਿਕ ਭਾਵਨਾ ਦੀ ਝੂਠੀ ਭਾਵਨਾ ਰੱਖਦੇ ਹਨ ਜੋ ਉਨ੍ਹਾਂ ਨੂੰ ਉੱਚਾ ਕਰਦੀ ਹੈ ਅਤੇ ਦੂਜਿਆਂ ਨੂੰ ਤੁੱਛ ਸਮਝਦੀ ਹੈ।

(43) ਤੁਸਾਂ ਫ਼ਰੀਸੀਆਂ ਉੱਤੇ ਹਾਇ ਹਾਇ! ਕਿਉਂ ਜੋ ਤੁਸੀਂ ਸਮਾਜਾਂ ਵਿੱਚ **ਅਗਲੀ ਕੁਰਸੀ** ਅਤੇ ਬਜ਼ਾਰਾਂ ਵਿੱਚ **ਸਲਾਮ ਲੈਣ** ਦੇ ਭੁੱਖੇ ਹੋ।

- ਧਰਮ ਕਈਆਂ ਨੂੰ ਦੂਸਰਿਆਂ ਨਾਲੋਂ ਉੱਚੀ ਪੱਦਵੀ 'ਤੇ ਲੈ ਜਾਂਦਾ ਹੈ (ਉਦਾਹਰਣ ਵਜੋਂ, ਹਿੰਦੂਵਾਦ ਵਿੱਚ ਜਾਤ ਪਾਤ ਪ੍ਰਥਾ)
- ਇਹ ਸੱਚਿਆਈ ਬਹੁਤ ਸਾਰੇ ਪਾਦਰੀਆਂ, ਬਿਸ਼ਪਾਂ, ਐਲਡਰਾਂ ਅਤੇ ਡੀਕਨਾਂ ਨਾਲ ਵੀ ਹੈ।

(44) ਤੁਹਾਡੇ ਉੱਤੇ ਹਾਇ ਹਾਇ! ਕਿਉਂਕਿ ਤੁਸੀਂ ਉਨ੍ਹਾਂ ਕਬਰਾਂ ਵਰਗੇ ਹੋ ਜਿਹੜੀਆਂ ਮਲੂਮ ਨਹੀਂ ਦਿੰਦੀਆਂ ਅਤੇ ਮਨੁੱਖ ਉਨ੍ਹਾਂ ਦੇ ਉੱਤੋਂ ਦੀ ਅਣਜਾਣੇ ਚੱਲਦੇ ਹਨ।

- ਧਰਮ ਅੰਨ੍ਹਾ ਕਰ ਦਿੰਦੇ ਹਨ ਅਤੇ ਘਾਤਕ ਵੀ ਹੋ ਸਕਦੇ ਹਨ।

(46) ਪਰ ਉਹ ਨੇ ਆਖਿਆ, ਤੁਸਾਂ ਸ਼ਰ੍ਹਾ ਦੇ ਸਿਖਲਾਉਣ ਵਾਲਿਆਂ (ਪੁਰਾਣੇ ਨੇਮ ਨੂੰ ਸਿੱਖਾਉਣ ਵਾਲੇ) ਉੱਤੇ ਵੀ ਹਾਇ ਹਾਇ! ਕਿਉਂ ਜੋ ਤੁਸੀਂ ਮਨੁੱਖਾਂ ਉੱਤੇ ਅਜੇਹੇ ਭਾਰ (ਧਾਰਮਿਕ ਕ੍ਰਮ ਅਤੇ ਰਸਮਾਂ) ਰੱਖਦੇ ਹੋ ਜਿਨ੍ਹਾਂ ਦਾ ਚੁੱਕਣਾ ਔਖਾ ਹੈ ਅਤੇ ਆਪ ਆਪਣੀ ਇੱਕ ਉਂਗਲ ਨਾਲ ਉਨ੍ਹਾਂ ਭਾਰਾਂ ਨੂੰ ਨਹੀਂ ਛੋਹੰਦੇ ਹੋ।

- ਕਿਸੇ ਵੀ ਵਿਅਕਤੀ ਨੂੰ ਆਪਣੇ ਦੇਵਤੇ ਨੂੰ ਖੁਸ਼ ਕਰਨ ਅਤੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਤੋਂ ਪਹਿਲਾਂ ਧਰਮ ਕੰਮਾਂ, ਕਰਤੱਵਾਂ, ਬਲੀਆਂ ਅਤੇ ਹਰ ਕਿਸਮ ਦੀਆਂ ਮੁਸ਼ਕਲਾਂ ਨੂੰ ਜੋੜ ਦਿੰਦੇ ਹਨ।

(52) ਤੁਸਾਂ ਸ਼ਰ੍ਹਾ ਦੇ ਸਿਖਲਾਉਣ ਵਾਲਿਆਂ ਉੱਤੇ ਹਾਇ ਹਾਇ! ਕਿਉਂ ਜੋ ਤੁਸੀਂ **ਗਿਆਨ** ਦੀ ਕੁੰਜੀ ਲੈ ਗਏ। ਤੁਸੀਂ ਆਪ ਨਹੀਂ ਵੜੇ ਅਤੇ ਵੜਨ ਵਾਲਿਆਂ ਨੂੰ ਵੀ ਰੋਕ ਦਿੱਤਾ।

- ਧਰਮ ਸੱਚੇ ਗਿਆਨ ਦੀ ਜਗ੍ਹਾ ਆਪਣੀਆਂ ਅਸਥਾਵਾਂ ਨੂੰ ਰੱਖ ਦਿੰਦੇ ਹਨ।

(53) ਜਾਂ ਉਹ ਉਥੋਂ ਨਿੱਕਲਿਆ ਤਾਂ ਗ੍ਰੰਥੀ ਅਰ ਫ਼ਰੀਸੀ ਬੁਰੀ ਤਰਾਂ ਉਹ ਦੇ ਗਲ ਪੈਣ ਅਤੇ ਉਸ ਤੋਂ ਬਹੁਤੀਆਂ ਗੱਲਾਂ ਅਖਵਾਉਣ ਲੱਗੇ। (54) ਅਰ **ਘਾਤ ਵਿੱਚ ਸਨ ਜੋ ਉਹ** ਦੇ ਮੂੰਹ ਦੀ ਕੋਈ ਗੱਲ ਫੜਨ।

- ਧਰਮ ਉਨ੍ਹਾਂ ਦੇ ਪ੍ਰਤੀ ਘਿਰਣਾ ਦਿਖਾਉਂਦੇ ਹਨ ਜੋ ਉਨ੍ਹਾਂ ਨੂੰ ਨਫਰਤ ਨਹੀਂ ਕਰਦੇ ਅਤੇ ਉਨ੍ਹਾਂ ਦੇ ਨਾਲ ਨਹੀਂ ਜੁੜਦੇ ਹਨ।

ਯਿਸੂ ਦੀ ਧਰਮਾਂ ਨਾਲ ਸਮੱਸਿਆ ਜਾਰੀ ਹੈ:

ਲੂਕਾ 13: 14-17 . . . ਹੇ **ਕਪਟੀਓ** ਕੀ ਤੁਹਾਡੇ ਵਿੱਚੋਂ ਹਰ ਕੋਈ ਸਬਤ ਦੇ ਦਿਨ ਆਪਣੇ ਬਲਦ ਯਾ ਗਧੇ ਨੂੰ ਖੁਰਲੀਤੋਂ ਖੋਲ੍ਹ ਕੇ ਪਾਣੀ ਪਿਆਉਣ ਨੂੰ ਨਹੀਂ ਲੈ ਜਾਂਦਾ? (16) ਫੇਰ ਭਲਾ, ਇਹ ਇਸਤਰੀ ਜੋ ਅਬਰਾਹਾਮ ਦੀ ਧੀ ਹੈ ਜਿਹ ਨੂੰ ਸ਼ਤਾਨ ਨੇ ਵੇਖੋ ਅਠਾਰਾਂ ਵਰਿਹਾਂ ਤੋਂ ਬੰਨ੍ਹ ਰੱਖਿਆ ਹੈ ਇਹ ਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣਾ ਜੋਗ ਨਹੀਂ ਸੀ?

- ਧਰਮ ਰਸਮਾਂ ਦੀ ਪਾਲਣਾਂ ਨੂੰ ਜ਼ਿਆਦਾ ਮਹੱਤਤਾ ਦਿੰਦੇ ਹਨ ਅਤੇ ਲੋਕਾਂ ਨੂੰ ਬਹੁਤ ਘੱਟ ਜਾਂ ਕੋਈ ਮਹੱਤਤਾ ਨਹੀਂ ਦਿੰਦੇ। ਇਹ ਸੱਚੀ ਮਸੀਹਤ ਦੇ ਬਿਲਕੁਲ ਉਲਟ ਹੈ।

ਲੂਕਾ 14:2-6 ਅਰ ਵੇਖੋ ਇੱਕ ਜਲੋਧਰੀ ਮਨੁੱਖ ਉਹ ਦੇ ਸਾਹਮਣੇ ਸੀ। (3)ਯਿਸੂ ਅੱਗੋਂ ਸ਼ਰ੍ਹਾ ਦੇ ਸਿਖਲਾਉਣ ਵਾਲਿਆਂ ਅਤੇ ਫ਼ਰੀਸੀਆਂ ਨੂੰ ਇਹ ਆਖਿਆ, ਭਲਾ, ਸਬਤ ਦੇ ਦਿਨ ਚੰਗਾ ਕਰਨਾ **ਜੋਗ ਹੈ** ਕਿ ਨਹੀਂ? (4) ਪਰ ਓਹ ਚੁੱਪ ਵੱਟ ਗਏ। ਤਾਂ ਉਸ ਨੇ ਉਹ ਨੂੰ ਲੈ ਕੇ ਚੰਗਾ ਕੀਤਾ ਅਤੇ ਤੋਰ ਦਿੱਤਾ। (5) ਅਤੇ ਉਨ੍ਹਾਂ ਨੂੰ ਆਖਿਆ ਭਈ ਤੁਹਾਡੇ ਵਿੱਚੋਂ ਕੌਣ ਹੈ ਜੇ ਉਹ ਦਾ ਗਧਾ ਯਾ ਬੈਲ ਖੂਹ ਵਿੱਚ ਡਿਗ ਪਵੇ ਤਾਂ ਉਹ ਝੱਟ ਸਬਤ ਦੇ ਦਿਨ ਉਹ ਨੂੰ ਨਾ ਕੱਢੇ? (6) ਅਤੇ ਓਹ ਇਨ੍ਹਾਂ ਗੱਲਾਂ ਦਾ ਉੱਤਰ ਨਾ ਦੇ ਸੱਕੇ।

- ਧਰਮ ਭੇਦ-ਭਾਵ ਨਾਲ ਭਰੇ ਹੋਏ ਹਨ।

ਧਰਮ ਦਾ ਚੰਗਾ ਸਾਰ ਅਤੇ ਪ੍ਰਭੂ ਪਰਮੇਸ਼ੁਰ ਇਸ ਬਾਰੇ ਕੀ ਸੋਚਦਾ ਹੈ ਹੇਠਾਂ ਲਿਖੇ ਬੰਦ ਵਿੱਚ ਦੇਖਿਆ ਗਿਆ ਹੈ:

ਲੂਕਾ 16:14-15 ਫ਼ਰੀਸੀਆਂ ਨੇ ਜਿਹੜੇ **ਰੁਪਿਆਂ ਦੇ ਲੋਭੀ** ਸਨ ਏਹ ਸਾਰੀਆਂ ਗੱਲਾਂ ਸੁਣੀਆਂ ਅਤੇ ਉਸ ਉੱਤੇ ਮਖੌਲ ਕਰਨ ਲੱਗੇ। (15) ਉਸ ਨੇ ਉਨ੍ਹਾਂ ਨੂੰ ਆਖਿਆ ਕਿ **ਤੁਸੀਂ ਉਹੋ ਹੋ ਜਿਹੜੇ ਮਨੁੱਖਾਂ ਦੇ ਅੱਗੇ ਆਪਣੇ ਆਪ ਨੂੰ ਧਰਮੀ ਠਹਿਰਾਉਂਦੇ ਹੋ** (ਯਿਸੂ ਮਸੀਹ ਦੀ ਕੁਰਬਾਨੀ ਦੇ ਸਥਾਨ ਤੇ ਧਾਰਮਿਕ ਘੁਮੰਡ ਅਤੇ ਭੇਟਾਂ ਰੱਖਦੇ ਹਨ )ਪਰ ਪਰਮੇਸ਼ੁਰ ਤੁਹਾਡੇ ਦਿਲਾਂ ਨੂੰ ਜਾਣਦਾ ਹੈ ਕਿਉਂਕਿ ਜੋ ਮਨੁੱਖਾਂ ਦੇ ਲੇਖੇ ਉੱਤਮ ਹੈ ਸੋ ਪਰਮੇਸ਼ੁਰ ਦੀ ਦਰਗਾਹੇ **ਘਿਣਾਉਣਾ** ਹੈ।

- ਬਿਲਕੁਲ ਇਹੀ ਧਰਮ ਕਰ ਰਹੇ ਹਨ, ਉਹ ਆਦਮੀ ਨੂੰ ਸਹੀ ਠਹਿਰਾਉਣ, ਜਾਂ ਆਪਣੇ ਆਪ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ, ਸੱਚਾਈ ਅਤੇ ਇੱਕ ਸੱਚੇ ਪ੍ਰਭੂ ਪਰਮੇਸ਼ੁਰ ਦੁਆਰਾ ਪ੍ਰਦਾਨ ਕੀਤੇ ਬਲੀਦਾਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ।

ਯਿਸੂ ਨੇ ਉਹ ਨੂੰ ਆਖਿਆ, "**ਰਾਹ** ਅਤੇ **ਸਚਿਆਈ** ਅਤੇ **ਜੀਉਣ ਮੈਂ ਹਾਂ।** ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ"। ਯੂਹੰਨਾ 14:6

**ਅਰ ਕਿਸੇ ਦੂਏ ਤੋਂ ਮੁਕਤੀ ਨਹੀਂ** ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ **ਕੋਈ ਦੂਜਾ ਨਾਮ ਨਹੀਂ** ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ। ਰਸੂਲਾਂ ਦੇ ਕਰਤਵ 4:12

## ਉੱਪਰ ਦਿੱਤੀਆਂ ਗਈਆਂ ਸੱਚਿਆਈਆਂ ਸਾਰੇ ਧਰਮਾਂ ਵਿੱਚ ਪਾਈਆਂ ਜਾਂਦੀਆਂ ਹਨ: